ਭਗਤ ਰਵਿਦਾਸ - ਸਬਦ ੩੬

ਬਿਨੁ ਦੇਖੇ ਉਪਜੈ ਨਹੀ ਆਸਾ ॥

ਰਾਗੁ ਭੈਰਉ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੧੧੬੭

ਬਿਨੁ ਦੇਖੇ ਉਪਜੈ ਨਹੀ ਆਸਾ ॥
ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥੧॥
ਪਰਚੈ ਰਾਮੁ ਰਵੈ ਜਉ ਕੋਈ ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥
ਕਰਤਾ ਹੋਇ ਸੁ ਅਨਭੈ ਰਹੈ ॥੨॥
ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਜੀਵਤ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥

ਸਾਰ: ਖਾਸ ਅਨੁਭਵਾਂ ਦੀ ਤਾਂਘ ਅਕਸਰ ਉਨ੍ਹਾਂ ਦੇ ਸ਼ਾਂਤਮਈ ਪ੍ਰਭਾਵ ਨੂੰ ਮਹਿਸੂਸ ਕਰਨ ਤੋਂ ਬਾਅਦ ਪੈਦਾ ਹੁੰਦੀ ਹੈ। ਜਦੋਂ ਅਸੀਂ ਬਿਨਾਂ ਗੰਭੀਰ ਵਿਚਾਰ, ਉਨ੍ਹਾਂ ਭਾਵਨਾਵਾਂ ਨੂੰ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ

ਹਾਂ, ਤਾਂ ਇੱਛਾ ਲਗਾਵ ਵਿਚ ਬਦਲ ਸਕਦੀ ਹੈ, ਜਿਸ ਕਾਰਣ ਅਸੀਂ ਵਾਰ-ਵਾਰ ਉਨ੍ਹਾਂ ਬਾਹਰੀ ਖਿੱਚਾਂ ਵੱਲ ਖਿੱਚੇ ਜਾਂਦੇ ਹਾਂ। ਇਹ ਤਾਂਘ ਸਾਡੀ ਖੁਸ਼ੀ ਨੂੰ ਬਣਾਵਟੀ ਸੋਮਿਆਂ ਨਾਲ ਜੋੜਦੀ ਹੈ, ਜਿਸ ਨਾਲ ਉਮੀਦ ਅਤੇ ਨਿਰਾਸ਼ਾ ਦਾ ਇਕ ਦੁਖਦਾਈ ਚੱਕਰ ਬਣਦਾ ਹੈ। ਸਿਮਰਤੀ ਵਿਚ ਇਸ ਭਾਵ ਨੂੰ ਰੱਖਣਾ ਜ਼ਰੂਰੀ ਹੈ ਕਿ ਅਸੀਂ ਅਸਲ ਵਿਚ ਜਿਸ ਅਨੁਭਵ ਦੀ ਭਾਲ ਕਰਦੇ ਹਾਂ ਉਹ ਹਰ ਪਲ ਨੂੰ ਮਾਨਣ ਨਾਲ ਹੀ ਪ੍ਰਾਪਤ ਹੁੰਦਾ ਹੈ, ਜਿਸ ਵਿਚ ਅਤੀਤ ਦੇ ਦੁਹਰਾਉ ਲਈ ਰਤਾ ਭਰ ਵੀ ਗੁੰਜਾਇਸ਼ ਨਹੀਂ ਹੁੰਦੀ। ਤਾਂਘ ਇਕ ਅਜਿਹਾ ਵਿਰੋਧਾਭਾਸ ਹੈ; ਜੋ ਸਾਨੂੰ ਸਾਡੀਆਂ ਪੁਰਾਣੀਆਂ ਆਦਤਾਂ ਵਿਚ ਫਸਾ ਸਕਦੀ ਹੈ ਜਦੋਂ ਕਿ ਇਸ ਦੇ ਨਾਲ ਇਹ ਸੰਕੇਤ ਵੀ ਦਿੰਦੀ ਹੈ ਕਿ ਕੁਝ ਧੁਰ ਅੰਦਰੋਂ ਉਠਦੀ ਸੱਦ ਸਾਨੂੰ ਬੁਲਾ ਰਹੀ ਹੋਵੇ। ਇਸ ਤਰ੍ਹਾਂ, ਤਾਂਘ ਇਕ ਬੰਦ ਰਾਹ ਅਤੇ ਦਰ ਦੋਵਾਂ ਦਾ ਰੂਪ ਹੋ ਜਾਂਦੀ ਹੈ, ਦੋ ਦਿਸ਼ਾਵੀ ਬਿੰਦੂ ਦੀ ਤਰ੍ਹਾਂ। ਜਦੋਂ ਅਸੀਂ ਇਸਨੂੰ ਸਪਸ਼ਟ ਤੌਰ 'ਤੇ ਦੇਖਦੇ ਹਾਂ, ਇੱਛਾ ਸੀਮਤ ਲਗਾਵ ਤੋਂ ਅਜਿਹੇ ਵਾਹਨ ਵਿਚ ਰੁਪਾਂਤ੍ਰਣ ਹੋ ਜਾਂਦੀ ਹੈ, ਜੋ ਅੰਤਰੀਵੀ ਪੜਚੋਲ ਅਤੇ ਵਿਗਾਸ ਲਈ ਲੋੜੀਂਦਾ ਹੁੰਦਾ ਹੈ।

ਬਿਨੁ ਦੇਖੇ ਉਪਜੈ ਨਹੀ ਆਸਾ ॥

ਅੰਤਰੀਵੀ ਦ੍ਰਿਸ਼ਟੀ ਤੋਂ ਬਿਨਾਂ, ਤਾਂਘ ਪੈਦਾ ਨਹੀਂ ਹੁੰਦੀ। ਇਹ ਭਾਵ ਉਸ ਮਨੁੱਖੀ ਪ੍ਰਵਿਰਤੀ ਨੂੰ ਉਜਾਗਰ ਕਰਦਾ ਹੈ ਜੋ ਸਥੂਲ ਸੰਕਲਪਾਂ ਅਤੇ ਸਰੂਪ ਦੇ ਲਈ, ਧਾਰਨਾ ਅਤੇ ਅਨੁਭਵ ਦੀ ਤਾਕਤ ਨੂੰ ਅਣਗੋਲਿਆ ਕਰ ਦਿੰਦੀ ਜਿਸ ਨਾਲ ਜਾਗਰੂਕਤਾ ਸੀਮਤ ਹੁੰਦੀ ਹੈ।

ਜੋ ਦੀਸੈ ਸੋ ਹੋਇ ਬਿਨਾਸਾ ॥

ਜੋ ਕੁਝ ਵੀ ਸਥੂਲ ਹੈ, ਉਸਦਾ ਨਾਸ਼ ਹੋਣਾ ਤੈਅ ਹੈ। ਇਹ ਵਿਰੋਧਾਭਾਸ ਇਹ ਸਥਾਪਿਤ ਕਰਦਾ ਹੈ ਕਿ ਜਿਨ੍ਹਾਂ ਰੂਪਾਂ 'ਤੇ ਅਸੀਂ ਗਿਆਨ ਪ੍ਰਾਪਤ ਕਰਨ ਲਈ ਨਿਰਭਰ ਕਰਦੇ ਹਾਂ, ਉਹ ਖੁਦ ਅਸਥਾਈ ਭਰਮ ਹਨ।

ਬਰਨ ਸਹਿਤ ਜੋ ਜਾਪੈ ਨਾਮੁ ॥

ਸਮਾਜਿਕ ਰੁਤਬੇ ਤੋਂ ਇਲਾਵਾ, ਉਹ ਜਿਹੜੇ ਬਿਬੇਕ ਦੇ ਤੱਤਸਾਰ 'ਤੇ ਵਿਚਾਰ ਕਰਦੇ ਹਨ। ਇਹ ਭਾਵ ਉਹਨਾਂ ਜਾਗਰੂਕ ਹਸਤੀਆਂ ਨੂੰ ਦਰਸਾਉਂਦਾ ਹੈ ਜੋ ਹੱਦਬੰਦੀਆਂ ਦੀਆਂ ਸੀਮਾਵਾਂ ਤੋਂ ਪਰੇ ਹਨ ਅਤੇ ਉਹਨਾਂ ਦੀ ਇਕਾਗਰਤਾ ਏਕਤਾ ਤੇ ਟਿਕੀ ਹੋਈ ਹੈ।

ਸੋ ਜੋਗੀ ਕੇਵਲ ਨਿਹਕਾਮੁ ॥੧॥

ਸਿਰਫ਼ ਅਜਿਹੀ ਰੂਹਾਨੀਅਤ ਦੇ ਵਰੋਸਾਏ ਸੰਪੂਰਨ ਅਤੇ ਬੇਕਾਬੂ ਇੱਛਾਵਾਂ ਤੋਂ ਮੁਕਤ ਹੁੰਦੇ ਹਨ। (੧)

ਪਰਚੈ ਰਾਮੁ ਰਵੈ ਜਉ ਕੋਈ ॥

ਜਦੋਂ ਕੋਈ ਸਰਵ-ਵਿਆਪਕ ਚੇਤਨਾ ਨਾਲ ਜੁੜਦਾ ਹੈ ਅਤੇ ਉਸਦੀ ਕਦਰ ਕਰਦਾ ਹੈ, ਤਾਂ ਇਹ ਭਾਵ ਸਤਹੀ ਸ਼ਰਧਾ ਤੋਂ ਗੂੜ੍ਹੀ ਨੇੜਤਾ ਵਿਚਲੇ ਬਦਲਾਵ ਨੂੰ ਦਰਸਾਉਂਦਾ ਹੈ।

ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥

ਜਦੋਂ ਪਾਰਸ ਦੇ ਪੱਥਰ ਨਾਲ ਛੂਹਿਆ ਜਾਂਦਾ ਹੈ, ਤਾਂ ਸ਼ੱਕ ਅਤੇ ਦਵੈਤ ਅਲੋਪ ਹੋ ਜਾਂਦੇ ਹਨ। ਇਹ ਭਾਵ ਮਨ ਦੇ ਰੁਪਾਂਤ੍ਰਣ ਦਾ ਪ੍ਰਤੀਕ ਹੈ, ਜੋ ਦੁਬਿਧਾ ਨੂੰ ਜਾਗਰੂਕ ਬਿਬੇਕ ਵਿਚ ਬਦਲਦਾ ਹੈ। (੧)(ਠਹਿਰਾਉ)

ਸੋ ਮੁਨਿ ਮਨ ਕੀ ਦੁਬਿਧਾ ਖਾਇ ॥

ਚੁੱਪ, ਅਣਜਾਣ ਮਨ ਦੀ ਦਵੈਤ ਅਤੇ ਸ਼ੰਕੇ ਦੂਰ ਹੋ ਜਾਂਦੇ ਹਨ। ਇਹ ਭਾਵ ਅਜਿਹੇ ਪਰਿਵਰਤਨ ਨੂੰ ਦਰਸਾਉਂਦਾ ਹੈ ਜਿਸ ਵਿਚ ਅੰਤਰੀਵੀ ਟਕਰਾਅ ਅਤੇ ਵੰਡੀਆਂ ਹੋਈਆਂ ਧਾਰਨਾਵਾਂ ਚੁੱਪਚਾਪ ਭੰਗ ਹੋ ਜਾਂਦੀਆਂ ਹਨ, ਜਿਸ ਨਾਲ ਮਨ ਸਾਫ਼ ਅਤੇ ਇਕਜੁੱਟ ਹੋ ਜਾਂਦਾ ਹੈ।

ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥

ਬਿਨਾਂ ਕਿਸੇ ਦਰਵਾਜ਼ੇ ਦੇ, ਤਿੰਨਾਂ ਲੋਕਾਂ ਵਿਚ ਹਾਜ਼ਰ ਚੇਤਨਾ ਨਾਲ ਅਭੇਦ ਹੋ ਜਾਓ। ਇਹ ਭਾਵ ਅੰਤਰੀਵੀ ਖੁੱਲ੍ਹੇਪਨ ਨੂੰ ਦਰਸਾਉਂਦਾ ਹੈ, ਜੋ ਬਾਹਰੀ ਵਿਧੀਆਂ, ਨਿਰਧਾਰਤ ਸਿਧਾਂਤਾਂ, ਜਾਂ ਪੰਜ ਇੰਦਰੀਆਂ ਦੇ ਪ੍ਰਭਾਵ ਤੋਂ ਮੁਕਤ ਹੈ।

ਮਨ ਕਾ ਸੁਭਾਉ ਸਭੁ ਕੋਈ ਕਰੈ ॥

ਹਰ ਕੋਈ ਆਪਣੇ ਮਨ ਦੀ ਆਦਤ ਅਨੁਸਾਰ ਕਰਮ ਕਰਦਾ ਹੈ। ਇਹ ਭਾਵ ਵਿਵਹਾਰ ਨੂੰ ਮਾਨਸਿਕ ਪ੍ਰਵਿਰਤੀ ਤੋਂ ਪ੍ਰਭਾਵਿਤ ਹੋਣ ਵਾਲੇ ਵਜੋਂ ਦੇਖਦਾ ਹੈ।

ਕਰਤਾ ਹੋਇ ਸੁ ਅਨਭੈ ਰਹੈ ॥੨॥

ਜਿਹੜੇ ਸਰਵ ਵਿਆਪਕ ਰਚਨਾਤਮਕ ਸਤਾ ਨਾਲ ਪਛਾਣ ਬਣਾਉਂਦੇ ਹਨ, ਉਹ ਨਿਡਰ ਹੋ ਜਾਂਦੇ ਹਨ। ਇਹ ਭਾਵ ਦਾਅਵਾ ਕਰਦਾ ਹੈ ਕਿ ਇਸ ਧਾਰਨਾ ਨਾਲ ਇਕਸੁਰ ਹੋਣ ਨਾਲ ਕਿ ਅਸੀਂ ਸਾਰੇ ਇਕ ਸੰਪੂਰਨਤਾ ਦਾ ਹਿੱਸਾ ਹਾਂ, ਸੀਮਤ ਸਵੈ ਦਾ ਸ਼ੰਕਾ ਦੂਰ ਹੋ ਜਾਂਦਾ ਹੈ। (੨)

ਫਲ ਕਾਰਨ ਫੂਲੀ ਬਨਰਾਇ ॥

ਫਲ ਪੈਦਾ ਕਰਨ ਲਈ, ਫੁੱਲ ਖਿੜਦੇ ਹਨ। ਕੁਦਰਤ ਦਾ ਇਹ ਨਿਯਮ ਦਰਸਾਉਂਦਾ ਹੈ ਕਿ, ਸੁਭਾਵਿਕ ਤੌਰ 'ਤੇ, ਸ੍ਰਿਸ਼ਟੀ ਦਾ ਹਰ ਪਹਿਲੂ ਜਾਗਰੂਕਤਾ ਲਈ ਉਦਮ ਕਰ ਰਿਹਾ ਹੈ, ਪਰ ਇਸ ਪ੍ਰਕਿਰਿਆ ਦਾ ਆਪਣੇ ਆਪ ਵਿਚ ਕੋਈ ਅੰਤ ਨਹੀਂ ਹੈ।

ਫਲੁ ਲਾਗਾ ਤਬ ਫੂਲੁ ਬਿਲਾਇ ॥

ਜਦੋਂ ਫਲ ਉਪਜਦਾ ਹੈ, ਫੁੱਲ ਆਪਣੀ ਹੋਂਦ ਗਵਾ ਦਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਿਵੇਂ-ਜਿਵੇਂ ਸਾਡੇ ਅੰਦਰ ਬਿਬੇਕ ਦਾ ਖੇੜਾ ਆਉਂਦਾ ਹੈ, ਬਾਹਰੀ ਦਿੱਖ ਫਿੱਕੀ ਪੈ ਜਾਂਦੀ ਹੈ, ਜਿਸ ਨਾਲ ਸੱਚੀ ਜਾਗਰੂਕਤਾ ਪੈਦਾ ਹੁੰਦੀ ਹੈ।

ਗਿਆਨੈ ਕਾਰਨ ਕਰਮ ਅਭਿਆਸੁ ॥

ਗਿਆਨ ਪ੍ਰਾਪਤ ਕਰਨ ਲਈ, ਧਾਰਮਿਕ ਅਭਿਆਸ ਅਤੇ ਕਰਮ-ਕਾਂਡੀ ਰਸਮਾਂ ਨਿਭਾਈਆਂ ਜਾਂਦੀਆਂ ਹਨ। ਇਹਨਾਂ ਮਰਿਯਾਦਾਵਾਂ ਦਾ ਪਾਲਣਾ ਉਦੇਸ਼ ਦੀ ਥਾਂ, ਉਦੇਸ਼ ਪ੍ਰਾਪਤੀ ਦਾ ਇਕ ਸਾਧਨ ਮੰਨਿਆ ਜਾਂਦਾ ਹੈ।

ਗਿਆਨੁ ਭਇਆ ਤਹ ਕਰਮਹ ਨਾਸੁ ॥੩॥

ਜਦੋਂ ਬਿਬੇਕ ਦਾ ਉਭਾਰ ਹੁੰਦਾ, ਤਾਂ ਕਰਮ ਖਤਮ ਹੋ ਜਾਂਦੇ ਹਨ। ਇਸਦਾ ਅਰਥ ਹੈ ਕਿ ਜਿਵੇਂ-ਜਿਵੇਂ ਅੰਤਰ-ਦ੍ਰਿਸ਼ਟੀ ਨੂੰ ਗ੍ਰਹਿਣ ਕੀਤਾ ਜਾਂਦਾ ਹੈ, ਬਾਹਰੀ ਕਿਰਿਆਵਾਂ ਦੀ ਜ਼ਰੂਰਤ ਘੱਟ ਜਾਂਦੀ ਹੈ। (੩)

ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਮੱਖਣ ਕੱਢਣ ਲਈ, ਦੁੱਧ ਰਿੜਕਿਆ ਜਾਂਦਾ ਹੈ । ਇਹ ਭਾਵ ਇਸ ਵਿਚਾਰ ਨੂੰ ਵਧੇਰੇ ਮਜ਼ਬੂਤੀ ਦਿੰਦਾ ਹੈ ਕਿ ਬਿਬੇਕ ਪ੍ਰਾਪਤੀ ਦਾ ਉਦਮ ਸਿਰਫ਼ ਤੱਤਸਾਰ ਕੱਢਣ ਲਈ ਹੈ।

ਜੀਵਤ ਮੁਕਤ ਸਦਾ ਨਿਰਬਾਨ ॥
ਜੀਉਂਦੇ ਜੀਅ ਮੁਕਤੀ ਦਾ ਦਰ, ਮੋਹ ਤੋਂ ਨਿਰੰਤਰ ਨਜਾਤ ਪਾਉਣ ਦੀ ਅਵਸਥਾ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਭਾਵ ਸੰਸਾਰਿਕ ਮਾਮਲਿਆਂ ਨੂੰ ਤਨਦੇਹੀ ਨਾਲ ਨਿਭਾਉਂਦਿਆਂ, ਅਸਥਾਈ ਭਰਮਾਂ ਤੋਂ ਨਿਰਲੇਪਤਾ ਦੀ ਅਵਸਥਾ ਨੂੰ ਦਰਸਾਉਂਦਾ ਹੈ।

ਕਹਿ ਰਵਿਦਾਸ ਪਰਮ ਬੈਰਾਗ ॥
ਰਵਿਦਾਸ ਕਹਿੰਦੇ ਹਨ, ਮਨ ਦੀ ਇਹ ਅਵਸਥਾ ਪਰਮ ਤਿਆਗ ਨੂੰ ਦਰਸਾਉਂਦੀ ਹੈ। ਇਹ ਭਾਵ ਸ੍ਰਿਸ਼ਟੀ ਦੇ ਅਸਥਾਈ ਪਹਿਲੂਆਂ ਲਈ ਵੈਰਾਗ ਵਜੋਂ ਪਰਮ ਰੂਹਾਨੀ ਪ੍ਰਾਪਤੀ ਦੀ ਪਛਾਣ ਕਰਦਾ ਹੈ।

ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥
ਜੋ ਲੋਕ ਆਪਣੇ ਹਿਰਦਿਆਂ ਵਿਚ ਵਸਦੀ ਸਰਵ ਵਿਆਪਕ ਚੇਤਨਾ ਬਾਰੇ ਵਿਚਾਰ ਕਰਨਾ ਵਿਸਾਰ ਦਿੰਦੇ ਹਨ, ਉਹ ਅਭਾਗੇ ਹਨ। (੪)(੧)

ਤੱਤ: ਭਗਤ ਰਵਿਦਾਸ ਰੂਹਾਨੀ ਵਿਗਾਸ ਦੇ ਸਿਧਾਂਤ ਨੂੰ ਪੇਸ਼ ਕਰਦੇ ਹਨ, ਜਿਵੇਂ ਇਕ ਫੁੱਲ ਨੂੰ ਫਲ ਬਣਨ ਲਈ ਆਪਣੀ ਹੋਂਦ ਗਵਾਉਣੀ ਪੈਂਦੀ ਹੈ, ਉਸੇ ਤਰ੍ਹਾਂ ਬਾਹਰੀ ਪੂਜਾ ਪੱਧਤੀ ਵਿਚ ਵੀ ਅਜਿਹਾ ਪੜਾਵ ਆਉਣਾ ਚਾਹੀਦਾ ਹੈ ਜੋ ਜਾਗਰੂਕਤਾ ਦੇ ਉਭਾਰ ਦੇ ਮੁਖ ਪਹਿਲੂ ਅੰਤਰੀਵੀ ਬਿਬੇਕ ਲਈ, ਆਪਣਾ ਰਾਹ ਛੱਡ ਦੇਵੇ। ਉਹ ਦਾਅਵਾ ਕਰਦੇ ਹਨ ਕਿ ਕਿਸੇ ਦੀ ਭੌਤਿਕ ਜਾਂ ਧਾਰਮਿਕ ਵਿਧੀਆਂ ਵਿਚਲੀ ਮੁਹਾਰਤ, ਸੱਚੀ ਜਾਗਰੂਕਤਾ ਨੂੰ ਨਹੀਂ ਮਾਪਦੀ, ਸਗੋਂ ਹਕੀਕਤ ਦੇ ਤੱਤਸਾਰ ਨੂੰ ਸਮਝਣ, ਸੂਝ ਨੂੰ ਮੂਰਤੀਮਾਨ ਕਰਨ ਅਤੇ ਅਟੱਲ ਸੱਚਾਈ ਨਾਲ ਜੀਉਣ ਦੀ ਯੋਗਤਾ ਹੀ ਹੈ, ਜੋ ਆਜ਼ਾਦੀ ਅਤੇ ਨਿਡਰਤਾ ਨੂੰ ਉਤਸ਼ਾਹਿਤ ਕਰਦੀ ਹੈ।

**Oneness In Diversity Research Foundation**
ਵੈੱਬਸਾਈਟ: OnenessInDiversity.com
ਈਮੇਲ: onenessindiversityfoundation@gmail.com